Virtual Schools

ਫਰਵਰੀ 2021

**ਟੀਡੀਐਸਬੀ ਐਲੀਮੈਂਟਰੀ ਵਰਚੂਅਲ ਸਕੂਲ ਫੈਮਲੀ ਨਿਊਜ਼ਲੈਟਰ**

ਜਿਵੇਂ ਅਸੀਂ ਸਾਰੇ ਇਸ ਚੁਨੌਤੀਜਨਕ ਸਮੇਂ ਵਿੱਚੋਂ ਲੰਘਣਾ ਜਾਰੀ ਰੱਖ ਰਹੇ ਹਾਂ, ਅਸੀਂ ਉਮੀਦ ਕਰਦੇ ਹਾਂ ਕਿ ਸਾਰਿਆਂ ਨੇ ਫੈਮਲੀ ਡੇ ਲੌਂਗ ਵੀਕਐਂਡ ਦਾ ਆਨੰਦ ਮਾਣਿਆ ਅਤੇ ਉਨ੍ਹਾਂ ਨੂੰ ਆਰਾਮ ਕਰਨ ਅਤੇ ਕੁਝ ਸਮਾਂ ਇਕੱਠਾ ਬਿਤਾਉਣ ਦਾ ਆਨੰਦ ਮਾਣਨ ਦਾ ਮੌਕਾ ਮਿਲਿਆ।

ਐਲੀਮੈਂਟਰੀ ਵਰਚੂਅਲ ਸਕੂਲ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਅਜਿਹੇ ਢੰਗਾਂ ਨਾਲ ਪੜ੍ਹਾਉਣਾ ਅਤੇ ਸਿੱਖਣਾ ਜਾਰੀ ਹੈ ਜਿਹੜੇ ਵਰਚੂਅਲ ਵਾਤਾਵਰਨ ਦਾ ਅਧਿਕਤਮ ਲਾਭ ਪ੍ਰਾਪਤ ਕਰਦੇ ਹਨ। ਬੀਤ ਰਹੇ ਹਰੇਕ ਮਹੀਨੇ ਦੇ ਨਾਲ ਅਸੀਂ ਕਲਾਸਰੂਮਾਂ ਵਿੱਚ ਵਾਪਰ ਰਹੇ ਸਿੱਖਣ ਦੇ ਨਵੇਂ ਅਤੇ ਰਚਨਾਤਮਕ ਮੌਕਿਆਂ ਅਤੇ ਗਤੀਵਿਧੀਆਂ ਬਾਰੇ ਸੁਣਦੇ ਹਾਂ।

ਇਸ ਮਹੀਨੇ ਅਸੀਂ ਵਰਚੂਅਲ ਸਕੂਲ ਵਿੱਚ ਕੁਝ ਨਵੇਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਹਰ ਕੋਈ ਸੈਟਲ ਹੋ ਰਿਹਾ ਹੈ, ਸਹਿਪਾਠੀਆਂ ਦੇ ਨਾਲ ਜੁੜ ਰਿਹਾ ਹੈ ਅਤੇ ਆਪਣੇ ਵਰਚੂਅਲ ਕਲਾਸਰੂਮ ਦਾ ਆਨੰਦ ਮਾਣ ਰਿਹਾ ਹੈ।

ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, ਕਿਰਪਾ ਕਰਕੇ www.tdsb.on.ca/virtualschoo l'ਤੇ ਜਾਓ ਅਤੇ ਟਵਿਟਰ 'ਤੇ @tdsbvs 'ਤੇ ਫਾਲੋ ਕਰੋ।

## ਕੋਵਿਡ ਵਿੱਚੋਂ ਨਜਿੱਠਣਾ

11 ਫਰਵਰੀ ਨੂੰ, ਪਰਿਵਾਰ ਮਹਾਮਾਰੀ ਵਿੱਚੋਂ ਮਾਨਸਿਕ ਸਿਹਤ ਅਤੇ ਕੁਸ਼ਲਤਾ ਬਾਰੇ ਚਰਚਾ ਕਰਨ ਲਈ ਟੀਡੀਐਸਬੀ ਮਾਨਸਿਕ ਸਿਹਤ ਪੇਸ਼ੇਵਰਾਂ ਦੇ ਨਾਲ ਇਕੱਠੇ ਹੋਏ। ਇੱਥੇ ਵੈਬਕਾਸਟ 'ਤੇ ਰਿਕਾਰਡਿੰਗ ਦੇਖੋ।

ਵਰਚੂਅਲ ਸਕੂਲ ਨੇ ਮਨੋਵਿਗਿਆਨ ਅਤੇ ਸੋਸ਼ਲ ਵਰਕ ਪੇਸ਼ੇਵਰਾਂ ਦੇ ਨਾਲ ਤਣਾਅ ਵਿੱਚੋਂ ਲੰਘਣਾ, ਸਰੀਰਕ ਗਤੀਵਿਧੀ ਨੂੰ ਯਕੀਨੀ ਬਣਾਉਣਾ, ਸਕ੍ਰੀਨ ਟਾਇਮ ਦਾ ਪ੍ਰਬੰਧਨ, ਆਦਿ ਵਰਗੇ ਵਿਸ਼ਿਆਂ ਬਾਰੇ ਚਰਚਾ ਕਰਦਾ ਹੋਇਆ ਇੱਕ ਕਮਿਊਨਿਟੀ ਵੈੱਬੀਨਾਰ ਵੀ ਆਯੋਜਿਤ ਕੀਤਾ। ਇੱਥੇ ਰਿਕਾਰਡਿੰਗ ਦੇਖੋ!

## ਵਰਚੂਅਲ ਡਰੌਪ-ਇਨਜ਼ ਲਈ ਸਾਡੇ ਨਾਲ ਸ਼ਾਮਲ ਹੋਵੋ!

ਟੀਡੀਐਸਬੀ ਪ੍ਰੋਫੈਸ਼ਨਲ ਸਪੋਰਟ ਸਰਵਿਸਿਜ਼ ਤੋਂ ਸਟਾਫ ਦੇ ਨਾਲ ਸਿੱਧਾ ਜੁੜੋ। ਪ੍ਰਸ਼ਨ ਪੁੱਛੋ ਅਤੇ ਆਪਣੇ ਬੱਚੇ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਿਵੇਂ ਕਰਨਾ ਹੈ ਲਈ ਜਵਾਬ ਪ੍ਰਾਪਤ ਕਰੋ।

- ਮੰਗਲਵਾਰਾਂ ਨੂੰ, ਸਵੇਰੇ 10 ਵਜੇ ਤੋਂ 11 ਵਜੇ ਤੱਕ
- ਵੀਰਵਾਰਾਂ ਨੂੰ, ਸ਼ਾਮ 7 ਵਜੇ ਤੋਂ 8 ਵਜੇ ਤੱਕ

## ਮਾਰਚ ਬ੍ਰੇਕ ਦੀਆਂ ਤਰੀਕਾਂ ਵਿੱਚ ਤਬਦੀਲੀ

ਪਬਲਿਕ ਹੈਲਥ ਅਧਿਕਾਰੀਆਂ ਦੀ ਸਲਾਹ ਤੇ, ਸਿੱਖਿਆ ਮੰਤਰਾਲੇ ਨੇ ਕੋਵਿਡ-19 ਦੇ ਕਮਿਊਨਿਟੀ ਸੰਚਾਰ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ। ਹੁਣ ਬ੍ਰੇਕ **12 - 16 ਅਪ੍ਰੈਲ, 2021** ਨੂੰ ਹੈ। ਸਾਰੀ ਮਾਰਚ ਦੌਰਾਨ ਨਿਯਮਿਤ ਕਲਾਸਾਂ ਜਾਰੀ ਰਹਿਣਗੀਆਂ।

## ਵਿਦਿਆਰਥੀਆਂ ਅਤੇ ਮਾਤਾ-ਪਿਤਾ/ਦੇਖਭਾਲ ਕਰਨ ਵਾਲਿਆਂ ਵਾਸਤੇ ਨਿਊਕਮਰ ਸਪੋਟਰਟਸ

ਸੈਟਲਮੈਂਟ ਵਰਕਰਚਜ਼ ਇਨ ਸਕੂਲਜ਼ ਸਕੂਲਾਂ ਦੇ ਸੈਟੇਲਾਈਟ ਅਤੇ ਰਿਸੈਪਸ਼ਨ ਸੈਂਟਰਾਂ ਵਿੱਚ ਕੈਨੇਡਾ ਵਿੱਚ ਨਵੇਂ ਆਏ ਪਰਿਵਾਰਾਂ ਅਤੇ ਸੈਕੰਡਰੀ ਸਕੂਲ ਵਿਦਿਆਰਥੀਆਂ ਲਈ ਸੈਟਲਮੈਂਟ ਸੇਵਾਵਾਂ ਪੇਸ਼ ਕਰਦੇ ਹਨ। ਸੈਟਲਮੈਂਟ ਵਰਕਰ ਵਿਅਕਤੀਗਤ/ਪਰਿਵਾਰਕ ਸੇਵਾਵਾਂ ਜਾਂ ਗਰੁੱਪ ਪ੍ਰੋਗਰਾਮ ਡਲਿਵਰ ਕਰਦੇ ਹਨ ਜਿਹੜੇ ਭਾਗ ਲੈਣ ਵਾਲਿਆਂ ਨੂੰ ਸਿੱਖਿਆ ਪ੍ਰਣਾਲੀ ਨੂੰ ਸਮਝਣ ਅਤੇ ਸਫਲਤਾਪੂਰਕ ਉਸ ਵਿੱਚ ਤਬਦੀਲ ਕਰਨ ਅਤੇ ਵੱਸਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਸਹਾਇਤਾ ਕਰਦੇ ਹਨ। ਹੋਰ ਜਾਣਕਾਰੀ: www.tdsb.on.ca/New-to-Canada/Settlement-Workers।

## ਬਰਾਇਟਸਪੇਸ (Brightspace) ਬਾਰੇ ਸੰਖੇਪ ਜਾਣਕਾਰੀ ਅਤੇ ਤਕਨੀਕੀ ਸਹਾਇਤਾ

ਵਰਚੂਅਲ ਸਕੂਲ ਅਤੇ ਬਰਾਇਟਸਪੇਸ ਸੰਖੇਪ ਜਾਣਕਾਰੀ: www.youtube.com/watch?v=MSw4IJSPvi4

ਵਰਚੂਅਲ ਲਰਨਿੰਗ ਆਈਟੀ (IT) ਸਪੋਰਟ ਟੀਮ www.tdsb.on.ca/In-Person-Learning/Student-Virtual-Learning-IT-Support

## ਵੀਐਸ (VS) ਆਚਾਰ ਸੰਹਿਤਾ

ਕਿਰਪਾ ਕਰਕੇ ਟੀਡੀਐਸਬੀ ਵਰਚੂਅਲ ਸਕੂਲਜ਼ ਕੋਡ ਔਫ ਕਾਨਡਕਟ ਦੀ ਸਮੀਖਿਆ ਕਰੋ, ਜਿਹੜਾ ਸਕੂਲਾਂ/ਸਿੱਖਿਅਕਾਂ, ਵਿਦਿਆਰਥੀਆਂ ਅਤੇ ਮਾਤਾ-ਪਿਤਾ/ਸਪਰ੍ਰਸਤਾਂ ਲਈ ਸੇਧਾਂ ਅਤੇ ਅਪੇਖਿਆਵਾਂ ਮੁਹੱਈਆ ਕਰਦਾ ਹੈ।

## ਟੀਡੀਐਸਬੀ ਅਫਰੀਕੀ ਵਿਰਾਸਤ ਮਹੀਨਾ ਮਨਾਉਂਦਾ ਹੈ

ਫਰਵਰੀ ਦੌਰਾਨ, ਟੀਡੀਐਸਬੀ ਅਫਰੀਕੀ ਵਿਰਾਸਤ ਮਹੀਨੇ ਨੂੰ ਮਾਨਤਾ ਦੇਣ ਅਤੇ ਉਸਦਾ ਜਸ਼ਨ ਮਨਾਉਣ ਵਿੱਚ ਮਾਣਮੱਤਾ ਹੈ। ਇਹ ਕੈਨੇਡਾ ਅਤੇ ਦੁਨੀਆ ਵਿੱਚ ਅਫਰੀਕੀ ਨਸਲ ਦੇ ਲੋਕਾਂ ਦੀਆਂ ਅਨੇਕ ਪ੍ਰਾਪਤੀਆਂ ਅਤੇ ਯੋਗਦਾਨਾਂ ਦਾ ਜਸ਼ਨ ਮਨਾਉਣ ਦਾ ਮੌਕਾ ਹੈ। 2020-2021 ਲਈ ਚੁਣਿਆ ਗਿਆ ਵਿਸ਼ਾ ***ਕੁਜੀਛਾਗੁਲੀਆ: ਆਤਮ ਨਿਰਧਾਰਣ (Kujichagulia:Self Determination)*** ਹੈ। ਹੋਰ ਜਾਣੇ।

## ਟੀਡੀਐਸਬੀ ਚੀਨੀ ਵਿਰਾਸਤ ਮਹੀਨਾ ਮਨਾਉਂਦਾ ਹੈ

ਟੀਡੀਐਸਬੀ ਫਰਵਰੀ ਵਿੱਚ ਚੀਨੀ ਵਿਰਾਸਤ ਮਹੀਨੇ (CHM) ਨੂੰ ਮਾਨਤਾ ਦੇਣ ਵਿੱਚ ਮਾਣਮੱਤਾ ਹੈ। ਇਹ ਸਾਲ ***ਬੈਲ ਦਾ ਸਾਲ (Year of the Ox) ਹੈ: ਵਫ਼ਾਦਾਰ, ਇਮਾਨਦਾਰ, ਜ਼ਿੰਮੇਵਾਰ, ਮਿਹਨਤੀ ਅਤੇ ਤਰਕਸ਼ੀਲ***। ਲੂਨਰ ਨਿਊ ਯੀਅਰ ਨੂੰ ਬਸੰਤ ਦੇ ਤਿਉਹਾਰ ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ ਅਤੇ ਇਹ ਲੂਨਰ ਕੈਲੰਡਰ ਦੇ ਪਹਿਲੇ ਚੰਨ ਦੇ ਨਾਲ ਸ਼ੁਰੂ ਹੁੰਦਾ ਹੈ ਅਤੇ 15 ਦਿਨ ਬਾਅਦ ਲੂਨਰ ਕੈਲੰਡਰ ਦੇ ਪਹਿਲੇ ਪੂਰੇ ਚੰਨ ਤੇ ਖਤਮ ਹੁੰਦਾ ਹੈ। ਹੋਰ ਜਾਣੇ।

## ਕਮਿਊਨਿਟੀ ਸਪੋਰਟ ਹੱਬ (Community Support HUB)

ਜਾਣਕਾਰੀ, ਸਾਧਨਾਂ ਅਤੇ ਸਾਰੇ ਟੋਰੋਂਟੋ ਵਿੱਚ ਕਮਿਊਨਿਟੀ ਸੋਪਰਟ ਵਰਕਰ (CSW) ਟੀਮ ਦੁਆਰਾ ਕੀਤੇ ਜਾ ਰਹੇ ਰੋਚਕ ਕੰਮ ਤੱਕ ਪਹੁੰਚ ਪ੍ਰਾਪਤ ਕਰੋ।

ਪਰਿਵਾਰਾਂ ਨੂੰ CSWs ਦੇ ਨਾਲ ਲਾਈਵ ਜੁੜਨ ਲਈ ਸਵੇਰੇ 9 ਵਜੇ ਤੋਂ 11 ਵਜੇ ਤੱਕ 'ਡਰੌਪ ਇਨ ਟਿਊਜ਼ਡੇਜ਼' ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣੇ ਅਤੇ tdsbHUB.ca 'ਤੇ ਜਾਓ।

## ਸਪੈਸ਼ਲ ਐਜੁਕੇਸ਼ਨ ਅਪਡੇਟ

ਅਪਡੇਟ ਕੀਤੀਆਂ ਹੋਈਆਂ ਇੰਡੀਵਿਜੁਅਲ ਐਜੁਕੇਸ਼ਨ ਪਲਾਨਾਂ (IEP) ਫਰਵਰੀ ਦੀ ਸ਼ੁਰੂਆਤ ਵਿੱਚ ਇਲੈਕਟ੍ਰੌਨਿਕ ਢੰਗ ਨਾਲ ਘਰ ਚਲੀਆਂ ਗਈਆਂ। ਕੋਈ ਸਵਾਲਾਂ ਲਈ ਆਪਣੇ ਬੱਚੇ ਦੇ ਅਧਿਆਪਕ ਦੇ ਨਾਲ ਅਤੇ ਜੇ ਤੁਹਾਨੂੰ IEP ਪ੍ਰਾਪਤ ਨਹੀਂ ਹੋਈ ਤਾਂ ਕਿਰਪਾ ਕਰਕੇ ਪ੍ਰਿੰਸੀਪਲ ਨਾਲ ਸੰਪਰਕ ਕਰੋ।

1 ਮਾਰਚ, 2021 ਨੂੰ ਸ਼ਾਮ 7 ਵਜੇ ਅਗਲੀ ਸਪੈਸ਼ਲ ਐਜੁਕੇਸ਼ਨ ਅਡਵਾਈਜ਼ਰੀ ਕਮੇਟੀ ਵਿੱਚ ਸ਼ਾਮਲ ਹੋਵੋ ਹੋਰ ਜਾਣੇ।

## ਵਰਚੂਅਲ ਲਾਇਬ੍ਰੇਰੀ ਸਾਧਨ

ਕੀ ਤੁਸੀਂ ਜਾਣਦੇ ਹੋ ਕਿ ਵਿਦਿਆਰਥੀ ਘਰੋਂ ਸਿੱਖਦੇ ਹੋਏ ਟੀਡੀਐਸਬੀ ਦੁਆਰਾ ਮੁਹੱਈਆ ਕੀਤੀਆਂ ਗਈਆਂ ਈਬੁੱਕਾਂ, ਐਨਸਾਈਕਲੋਪੀਡੀਆ, ਵੀਡੀਓ ਅਤੇ ਹੋਰ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ?

ਟੀਡੀਐਸਬੀ **ਵਰਚੂਅਲ ਲਾਇਬ੍ਰੇਰੀ** ਵਿੱਚ ਵਿਦਿਆਰਥੀਆਂ ਦੀ ਸਿਖਲਾਈ ਦਾ ਸਮਰਥਨ ਕਰਨ ਲਈ, ਧਿਆਨ ਨਾਲ ਚੁਣੇ ਗਏ ਡਿਜੀਟਲ ਸਾਧਨ ਹਨ, ਜਿੰਨ੍ਹਾਂ ਤੱਕ ਕਿਸੇ ਵੀ ਸਮੇਂ, ਕਿਧਰੋਂ ਵੀ ਔਨਲਾਈਨ ਪਹੁੰਚ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਰਚੂਅਲ ਲਾਇਬ੍ਰੇਰੀ ਵਿਦਿਆਰਥੀਆਂ ਨੂੰ ਇਹ ਲੱਭਣ ਵਿੱਚ ਸਹਾਇਤਾ ਕਰਦੀ ਹੈ:

- ਪ੍ਰਾਜੈਕਟਾਂ, ਹੋਮਵਰਕ ਵਿੱਚ ਸਹਾਇਤਾ ਕਰਨ ਲਈ, ਅਤੇ **ਕੇ ਤੋਂ 12 ਸਿਖਿਆਰਥੀਆਂ** ਵਾਸਤੇ ਵੱਖ ਵੱਖ ਫਾਰਮੈਟਾਂ ਵਿੱਚ ਪੜ੍ਹਨ ਅਤੇ ਦੇਖਣ ਨੂੰ ਉਤਸ਼ਾਹਤ ਕਰਨ ਲਈ **ਪਾਠਕ੍ਰਮ ਨਾਲ ਸੰਬੰਧਤ ਔਨਲਾਈਨ ਸਾਧਨ/ਟੂਲ** - ਈਬੁੱਕਾਂ, ਡਾਟਾਬੇਸ ਲੇਖ, ਸਟ੍ਰੀਮ ਕੀਤਾ ਜਾ ਰਿਹਾ ਮੀਡੀਆ ਅਤੇ ਔਨਲਾਈਨ ਟੂਲ (ਫਾਇੰਡ ਵੌਚ ਲਰਨ ਐਂਡ ਫਾਇੰਡ ਦੇਖੋ)
- ਖੋਜ, ਗਣਿਤ ਦੇ ਅਭਿਆਸ, ਖੇਡਾਂ, ਹੋਮਵਰਕ ਵਿੱਚ ਸਹਾਇਤਾ ਕਰਨ ਲਈ **ਵਿਸ਼ਿਆਂ ਸੰਬੰਧੀ ਲਿੰਕ** (ਫਾਇੰਡ ਦੇਖੋ)
- **ਪੁੱਛਗਿੱਛ** ਜਾਂ **ਖੋਜ ਪ੍ਰਾਜੈਕਟ** ਦੀ ਸ਼ੁਰੂਆਤ ਕਰਨ ਲਈ ਸਾਧਨ (ਇਨਕਵਾਇਰੀ ਐਂਡ ਫਾਇੰਡ ਦੇਖੋ)
- ਪੜ੍ਹਨ ਸੰਬੰਧੀ ਸੁਝਾਅ ਅਤੇ **ਵਿਦਿਆਰਥੀ ਕਿਤਾਬਾਂ ਦੀਆਂ ਸਮੀਖਿਆਵਾਂ** (ਰੀਡ ਐਂਡ ਜਸਟ ਰੀਡ ਇਟ ਦੇਖੋ)

www.tdsb.on.ca/library ਤੇ ਜਾਂ ਆਪਣੇ ਸਕੂਲ ਦੇ ਵੈੱਬਪੇਜ ਜਾਂ ਆਪਣੇ ਵਿਦਿਆਰਥੀ ਦੇ ਬਰਾਇਟਸਪੇਸ ਕਲਾਸਰੂਮ ਰਾਹੀਂ ਵਰਚੂਅਲ ਲਾਇਬ੍ਰੇਰੀ ਲੱਭੋ।

ਘਰ ਵਿੱਚ ਵਿਦਿਆਰਥੀਆਂ ਦੇ ਨਾਲ ਵਰਚੂਅਲ ਲਾਇਬ੍ਰੇਰੀ ਕਿਵੇਂ ਵਰਤਣੀ ਹੈ ਬਾਰੇ ਹੋਰ ਜਾਣਕਾਰੀ ਲਈ, ਖੱਬੇ ਟੂਲਬਾਰ ਤੇ **ਪੇਰੈਂਟ (Parent)** ਬਟਨ ਲੱਭੋ।

ਵਰਚੂਅਲ ਲਾਇਬ੍ਰੇਰੀ ਦੇ ਅਨੇਕ ਸਾਧਨਾਂ ਤੱਕ ਘਰੋਂ ਹੀ ਪਹੁੰਚ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਕੋਲੋਂ **ਵਰਚੂਅਲ ਲਾਇਬ੍ਰੇਰੀ**

**ਪਾਸਵਰਡ ਇਨਫਰਮੇਸ਼ਨ ਪੇਜ** ਮੰਗੋ।

## ਫਰਵਰੀ ਕਿੰਡਰਗਾਰਟਨ ਰਜਿਸਟ੍ਰੇਸ਼ਨ ਮਹੀਨਾ ਹੈ

ਹੋਰ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਵਿਕਲਪਾਂ ਬਾਰੇ ਜਾਣਨ ਲਈ: www.tdsb.on.ca/kindergarten।

## ਵਰਚੂਅਲ ਫੀਲਡ ਟ੍ਰਿਪ ਅਤੇ ਸਪੈਸ਼ਲ ਅਸੈਂਬਲੀਆਂ

ਹਾਲ ਹੀ ਵਿੱਚ, ਗ੍ਰੇਡ 3 ਅਤੇ 6 ਦੇ ਕਈ ਅਧਿਆਪਕ ਪੇਸ਼ੇਵਰ ਸਿਖਲਾਈ ਦੇ ਮੌਕਿਆਂ ਦੀ ਲੜੀ ਵਿੱਚ ਸ਼ਾਮਲ ਹੋਏ ਹਨ। ਵਿਦਿਆਰਥੀਆਂ ਨੇ ਵੀ ਸਮਕਾਲੀ ਇੰਟਰਐਕਟਿਵ ਵਰਚੂਅਲ ਅਸੈਂਬਲੀਆਂ ਅਤੇ ਫੀਲਡ ਟ੍ਰਿਪਾਂ ਵਿੱਚ ਭਾਗ ਲਿਆ। ਇੰਨ੍ਹਾਂ ਰੋਚਕ ਹਫਤਿਆਂ ਦੌਰਾਨ, 3,000 ਤੋਂ ਵੱਧ ਵਿਦਿਆਰਥੀਆਂ ਅਤੇ 160 ਅਧਿਆਪਕਾਂ ਨੇ ਇਸ ਪ੍ਰੋਗਰਾਮ ਤੋਂ ਲਾਭ ਪ੍ਰਾਪਤ ਕੀਤਾ।



ਗ੍ਰੇਡ 3 ਦੀਆਂ ਵਰਚੂਅਲ ਅਸੈਂਬਲੀਆਂ ਵਿੱਚ ਰਚਨਾਤਮਕ ਕਲਾ ਸੈਸ਼ਨ ਅਤੇ ਇੰਨ੍ਹਾਂ ਚੁਨੌਤੀਜਨਕ ਸਮਿਆਂ ਦੌਰਾਨ ਸਰੀਰਕ ਤੌਰ ਤੇ ਕਿਰਿਆਸ਼ੀਲ ਰਹਿਣ ਦੀ ਮਹੱਤਤਾ ਸਿੱਖਣ ਲਈ ਬੁਨਿਆਦੀ ਹਰਕਤਾਂ ਸੰਬੰਧੀ ਸੈਸ਼ਨ ਸ਼ਾਮਲ ਸੀ।

ਗ੍ਰੇਡ 6 ਦੇ ਵਰਚੂਅਲ ਟ੍ਰਿਪਾਂ ਵਿੱਚ ਜੈਵ ਵਿਭਿੰਨਤਾ (biodiversity) ਤੇ ਫੋਕਸ ਦੇ ਨਾਲ ਸਕਾਰਬਰੋ ਆਉਟਡੋਰ ਐਜੁਕੇਸ਼ਨ ਸਕੂਲ ਤੱਕ ਟ੍ਰਿਪ ਸ਼ਾਮਲ ਸਨ।

ਵਿਦਿਆਰਥੀ ਕਿਰਿਆਸ਼ੀਲ ਢੰਗ ਨਾਲ ਸਿਖਲਾਈ ਵਿੱਚ ਰੁੱਝੇ ਹੋਏ ਹਨ ਜਦਕਿ ਅਧਿਆਪਕ ਨਵੇਂ ਹੁਨਰ ਸਿੱਖਣ ਅਤੇ ਪ੍ਰਾਪਤ ਕਰਨ ਲਈ ਇੱਕ ਦੂਸਰੇ ਦੇ ਨਾਲ ਜੁੜੇ।

## ਵਰਚੂਅਲ ਸਕੂਲਾਂ ਦੀਆਂ ਸਟਾਫ ਡਾਇਰੈਕਟਰੀਆਂ

ਸੌਖੇ ਹਵਾਲੇ ਲਈ ਹੇਠਾਂ ਵਰਚੁਅਲ ਸਕੂਲ ਪ੍ਰਬੰਧਕੀ ਟੀਮ ਦੀਆਂ ਡਾਇਰੈਕਟਰੀਆਂ ਹਨ। ਹਰੇਕ ਲਰਨਿੰਗ ਸੈਂਟਰ ਵਿੱਚ ਐਲੀਮੈਂਟਰੀ ਵਾਇਸ-ਪ੍ਰਿੰਸੀਪਲ ਅਤੇ ਪ੍ਰਿੰਸੀਪਲਾਂ ਨੂੰ ਗਰੇਡ ਦੇ ਅਧਾਰ 'ਤੇ ਮਨੋਨੀਤ ਕੀਤਾ ਗਿਆ ਹੈ।

ਲਰਨਿੰਗ ਸੈਂਟਰ 1 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 2 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 3 ਵਰਚੁਅਲ ਐਲੀਮੈਂਟਰੀ ਸਕੂਲ
ਲਰਨਿੰਗ ਸੈਂਟਰ 4 ਵਰਚੁਅਲ ਐਲੀਮੈਂਟਰੀ ਸਕੂਲ

## ਨਿਰੰਤਰ ਪੇਸ਼ੇਵਰ ਸਿਖਲਾਈ

ਅਧਿਆਪਕਾਂ ਦਾ ਵਿਦਿਆਰਥੀਆਂ ਨੂੰ ਰੁਝਾਉਣ ਅਤੇ ਸਾਖਰਤਾ ਅਤੇ ਗਣਿਤ ਵਿੱਚ ਡੂੰਘੀ ਸਿਖਲਾਈ ਨੂੰ ਵਧਾਵਾ ਦੇਣ ਲਈ ਡਿਜੀਟਲ ਪਲੇਟਫਾਰਮ ਅਤੇ ਟੂਲ ਵਰਤਣ ਦੇ ਉਨ੍ਹਾਂ ਦੇ ਗਿਆਨ ਅਤੇ ਅਮਲ ਵਿੱਚ ਵਾਧਾ ਕਰਨ ਲਈ ਪੇਸ਼ੇਵਰ ਸਿਖਲਾਈ ਵਿੱਚ ਰੁੱਝਣਾ ਜਾਰੀ ਹੈ।

ਜਦਕਿ ਅਧਿਆਪਕ ਉਨ੍ਹਾਂ ਦੀਆਂ ਗ੍ਰੇਡ ਟੀਮਾਂ ਵਿੱਚ ਸਿੱਖਦੇ ਆ ਰਹੇ ਹਨ, ਵਿਦਿਆਰਥੀਆਂ ਨੇ ਇਨ੍ਹਾਂ ਸਮੇਤ ਕਈ ਅਵਿਸ਼ਵਾਸਨੀ ਕਮਿਊਨਿਟੀ ਪਾਰਟਨਰਾਂ ਦੇ ਨਾਲ ਵਰਚੂਅਲ ਫੀਲਡ ਟ੍ਰਿਪਾਂ ਵਿੱਚ ਭਾਗ ਲਿਆ: ਟੋਰੋਂਟੋ ਪਬਲਿਕ ਲਾਇਬ੍ਰੇਰੀ, ਟੋਰੋਂਟੋ ਆਉਟਡੋਰ ਐਜੁਕੇਸ਼ਨ ਸੈਂਟਰ ਅਤੇ ਲੈਟਸ ਟੌਕ ਸਾਇੰਸ (Let's Talk Science)। ਵਰਚੂਅਲ ਸਟੋਰੀ ਟਾਈਮ, ਕੈਂਪਫਾਇਰ ਸਿੰਗ-ਅਲੌਂਗ ਅਤੇ STEM ਡੀਜ਼ਾਈਨ ਚੁਣੌਤੀਆਂ ਨਿਯਮਿਤ ਵਰਚੂਅਲ ਕਲਾਸਰੂਮ ਤੋਂ ਬਾਹਰ ਨਿਕਲਣ ਅਤੇ ਨਵੀਆਂ ਥਾਵਾਂ ਦੀ ਪੜਚੋਲ ਕਰਨ ਦੇ ਮਜ਼ੇਦਾਰ ਤਰੀਕੇ ਸਨ।

ਫਰਵਰੀ ਦੌਰਾਨ ਪੇਸ਼ੇਵਰ ਸਿਖਲਾਈ ਦੇ ਕੁਝ ਉਦਾਹਰਣਾਂ ਵਿੱਚ ਹੇਠਾਂ ਦਿੱਤੀਆਂ ਚੀਜ਼ਾਂ ਸ਼ਾਮਲ ਹਨ:

- ਪੜ੍ਹਨ ਸੰਬੰਧੀ ਰਣਨੀਤੀਆਂ ਅਤੇ ਗਾਈਡਡ ਰੀਡਿੰਗ
- ਸਪੈਸ਼ਲ ਐਜੁਕੇਸ਼ਨ: ਵਿਦਿਆਰਥੀਆਂ ਦੀ ਵਰਚੂਅਲ
- ਵਾਤਾਵਰਨ ਅਤੇ IEP ਲਿਖਤ ਅਤੇ ਤਾਮੀਲ ਵਿੱਚ ਸਹਾਇਤਾ ਕਰਨਾ
- ਲਰਨਿੰਗ ਲਈ ਵਿਸ਼ਵਵਿਆਪੀ ਡੀਜ਼ਾਈਨ
- ਸਭਿਆਚਾਰਕ ਤੌਰ 'ਤੇ ਜਵਾਬਦੇਹ ਅਤੇ ਚਿੰਤਨਸ਼ੀਲ ਅਧਿਆਪਨ
- ਅਤੇ ਹੋਰ ਬਹੁਤ ਸਾਰੇ!

## ਖ਼ਬਰਾਂ ਵਿੱਚ ਵਰਚੂਅਲ ਸਕੂਲ

ਟੀਡੀਐਸਬੀ ਐਲੀਮੈਂਟਰੀ ਵਰਚੂਅਲ ਸਕੂਲ ਬਾਰੇ ਕੁਝ ਦਿਲਚਸਪ ਕਹਾਣੀਆਂ ਦੇਖੋ:

- TDSB students create online newspaper from home
  (Global News)